# ਖਾਲਿਸਤਾਨ ਵੱਲ ਵਧਦੇ ਹੋਏ....

## ਖਾਲਿਸਤਾਨ ਦੀ ਸੋਚ ਦਾ ਪਿਛੋਕੜ ਅਤੇ ਇਤਿਹਾਸ



### ਸ਼੍ਰੋਮਣੀ ਅਕਾਲੀ ਦਲ
(ਅੰਮ੍ਰਿਤਸਰ)



ਕੋਊ ਕਿਸੀ ਕੋ ਰਾਜ ਨਾ ਦੇਹੈ॥ ਜੋ ਲੇ ਹੈਂ ਨਿੱਜ ਬਲ ਸੇ ਲੈਹੈਂ॥

ਲੇਖਕ:
ਸਿਮਰਨਜੀਤ ਸਿੰਘ ਮਾਨ ਕਿਲ੍ਹਾ ਸ: ਹਰਨਾਮ ਸਿੰਘ, ਮਿਤੀ – 25 ਦਸੰਬਰ 2009

ਹਿੰਦੋਸਤਾਨ ਦਾ ਮੀਡੀਆ ਅਤੇ ਕੌਮੀ ਅਖਬਾਰਾਂ ਅਤੇ ਹੋਰ ਪ੍ਰਚਾਰ ਸਾਧਨਾਂ ਵੱਲੋ ਹਿੰਦ ਹਕੂਮਤ ਦੇ ਪ੍ਰਭਾਵ ਨੂੰ ਕਬੂਲਦੇ ਹੋਏ, ਇੱਥੇ ਘੱਟ ਗਿਣਤੀ ਕੌਮਾਂ ਨਾਲ ਹੋ ਰਹੀਆਂ ਬੇਇਨਸਾਫੀਆਂ, ਜ਼ਬਰ ਜੁਲਮ ਨੂੰ ਖਤਮ ਕਰਾਉਣ ਲਈ ਉਸ ਤਰੀਕੇ ਅਵਾਜ਼ ਨਹੀਂ ਉਠਾਈ ਜਾ ਰਹੀ ਜਿਸਦੀ ਉੱਚਾ ਇਖਲਾਕ ਮੰਗ ਕਰਦਾ ਹੈ। ਇਸੇ ਤਰ੍ਹਾ ਬਹੁਤ ਲੰਮੇ ਸਮੇ ਤੋਂ ਸਿੱਖ ਕੌਮ ਵੱਲੋ ਆਪਣੇ ਘਰ "ਖਾਲਿਸਤਾਨ" ਦੀ ਕਾਇਮੀ ਲਈ ਜਮਹੂਰੀਅਤ ਅਤੇ ਅਮਨਮਈ ਤਰੀਕੇ ਕੀਤੀ ਜਾ ਰਹੀ ਜ਼ਾਇਜ ਵਿਧਾਨਿਕ ਮੰਗ ਸੰਬੰਧੀ ਵੀ ਗੁੰਮਰਾਹਕੁੰਨ ਪ੍ਰਚਾਰ ਕਰਕੇ ਸਿੱਖ ਕੌਮ ਨੂੰ ਕੌਮਾਂਤਰੀ ਅਤੇ ਮੁਲਕ ਪੱਧਰ 'ਤੇ ਬਦਨਾਮ ਕਰਨ ਦੀਆਂ ਕੋਸ਼ਿਸਾਂ ਹੋ ਰਹੀਆਂ ਹਨ। ਜਦੋ ਕਿ ਸਿੱਖ ਧਰਮ ਅਤੇ ਕੌਮ ਦੇ ਜਨਮਦਾਤੇ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਨੇ ਹਿੰਦੂ ਧਰਮ ਵਿੱਚ ਫੈਲੀਆਂ ਸਮਾਜਿਕ ਕੁਰਿਹਤਾਂ, ਵਹਿਮਾਂ-ਭਰਮਾਂ ਅਤੇ ਕਰਮ-ਕਾਡਾਂ ਤੋ ਅਤੇ ਇਸਲਾਮਿਕ ਧਰਮ ਦੀ ਕੱਟੜਤਾ ਤੋਂ ਲੋਕਾਈ ਨੂੰ ਨਿਜਾਤ ਦਿਵਾਉਣ ਹਿੱਤ ਸਿੱਖ ਧਰਮ ਜੈਸੇ ਸਰਬ ਸਾਂਝੇ ਆਧੁਨਿਕ ਧਰਮ ਦੀ ਨੀਂਹ ਰੱਖਕੇ ਅਸਲੀਅਤ ਵਿੱਚ ਉਸ ਸਮੇ ਦੇ ਹਿੰਦੋਸਤਾਨ ਦੇ ਬਸਿੰਦਿਆਂ ਉੱਤੇ ਹੀ ਨਹੀਂ, ਬਲਕਿ ਸਮੁੱਚੀ ਮਨੁੱਖਤਾ ਅਤੇ ਸਾਡੇ ਉੱਤੇ ਵੀ ਬਹੁਤ ਵੱਡਾ ਪਰਉਪਕਾਰ ਕੀਤਾ ਹੈ। ਉਨ੍ਹਾ ਨੇ ਦੋਵਾਂ ਧਰਮਾਂ ਅਤੇ ਕੌਮਾਂ ਨੂੰ ਵਿਲੱਖਣ ਪਹਿਚਾਣ ਦਿੰਦੇ ਹੋਏ ਕਿਹਾ ਸੀ ਕਿ "ਨਾ ਕੋ ਹਿੰਦੂ, ਨ ਮੁਸਲਮਾਨ" (ਜਨਮ ਸਾਖੀ)। ਇਸ ਅਟੱਲ ਸੱਚਾਈ ਨੂੰ ਹੋਰ ਪ੍ਰਪੱਕ ਕਰਦੇ ਹੋਏ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਆਪਣੇ ਮੁਖਾਰਬਿੰਦ ਤੋਂ ਉਚਾਰਨ ਕੀਤਾ ਸੀ "ਨਾ ਹਮ ਹਿੰਦੂ, ਨਾ ਮੁਸਲਮਾਨ॥ ਅਲਹ ਰਾਮ ਕੇ ਪਿੰਡੁ ਪਰਾਨ॥" (ਪੰਨਾ 1136 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) 16ਵੀਂ ਸਦੀ ਤੋਂ ਲੈ ਕੇ ਅੱਜ ਤੱਕ ਇਹ ਸਿੱਖ ਕੌਮ ਦੀ ਅਤਿ ਮਹੱਤਵਪੂਰਨ ਪੋਲੀਟੀਕਲ ਸਟੇਟਮੈਂਟ (Political Statement) ਸੀ, ਜਿਸ ਅਨੁਸਾਰ ਮੁਸਲਿਮ ਅਤੇ ਹਿੰਦੂ ਕੌਮ ਤੋਂ ਵੱਖਰਾ ਗੁਰੂ ਸਾਹਿਬ ਨੇ ਤੀਜਾ ਮਜ਼ਬ ਅਤੇ ਕੌਮ ਪੈਦਾ ਕੀਤੀ ਕਿ ਅਸੀਂ ਉਸ ਅਕਾਲ ਪੁਰਖ ਦੀ ਵੱਡਮੁੱਲੀ ਮਨੁੱਖਤਾ ਪੱਖੀ ਸੋਚ ਦੇ ਧਾਰਨੀ ਹਾਂ, ਜੋ ਇਨਸਾਨ ਨੂੰ ਇਨਸਾਨ ਨਾਲ ਪਿਆਰ, ਸੇਵਾ ਕਰਨ, ਇੱਕ ਦੂਸਰੇ ਦੇ ਕੰਮ ਆਉਣ ਦਾ ਜਿੱਥੇ ਸੰਦੇਸ਼ ਦਿੱਤਾ, ਉੱਥੇ ਸਮੇ ਦੇ ਜ਼ਾਬਰ ਹੁਕਮਰਾਨ ਬਾਬਰ ਦੇ ਜ਼ਬਰ ਜੁਲਮਾਂ ਵਿਰੁੱਧ ਅਵਾਜ਼ ਬੁਲੰਦ ਕਰਦੇ ਹੋਏ "ਰਾਜੇ ਸੀਂਹ ਮੁਕਦਮ ਕੁੱਤੇ" ਦੇ ਸ਼ਬਦਾਂ ਦਾ ਉਚਾਰਨ ਕਰਕੇ ਇਹ ਵੀ ਸੰਦੇਸ ਦਿੱਤਾ ਸੀ ਕਿ "ਭੈ ਕਾਹੂ ਕਉ ਦੇਤ ਨਾਹਿ, ਨਾ ਭੈ ਮਾਨਤਿ ਆਨਿ"। ਇਹ ਸ਼ਬਦ ਉਸ ਸਮੇਂ ਰਾਗੀਆਂ ਵੱਲੋ ਸ੍ਰੀ ਦਰਬਾਰ ਸਾਹਿਬ ਵਿਖੇ ਫਿਰ ਗਾਇਨ ਕੀਤਾ ਗਿਆ ਸੀ, ਜਦੋਂ ਸਿੱਖ ਕੌਮ ਦੀ ਕਾਤਿਲ ਮਰਹੂਮ ਇੰਦਰਾ ਗਾਂਧੀ ਬਲਿਊ ਸਟਾਰ ਦੇ ਹਮਲੇ ਤੋਂ ਬਾਅਦ ਸ੍ਰੀ ਦਰਬਾਰ ਸਾਹਿਬ ਵਿਖੇ ਆਈ ਸੀ। ਰਾਗੀਆਂ ਨੇ ਗੁਰੂ ਨਾਨਕ ਸਾਹਿਬ ਦੇ ਉਪਰੋਕਤ ਸ਼ਬਦ "ਰਾਜੇ ਸੀਂਹ ਮੁਕੱਦਮ ਕੁੱਤੇ" ਦਾ ਗਾਇਨ ਕਰਕੇ ਮਰਹੂਮ ਇੰਦਰਾ ਗਾਂਧੀ ਦੀ ਬਾਬਰ ਦੇ ਜੁਲਮਾਂ ਨਾਲ ਤੁਲਨਾ ਕਰਕੇ ਸਿੱਖ ਕੌਮ ਦੀ

ਸਹੀ ਅਗਵਾਈ ਕੀਤੀ। ਬਾਬਰ ਨੇ ਗੁਰੂ ਨਾਨਕ ਸਾਹਿਬ ਜੀ ਦੀ ਸੱਚ ਦੀ ਆਵਾਜ਼ ਨੂੰ ਦਬਾਉਣ ਲਈ ਕੈਦ ਕਰ ਲਿਆ ਸੀ। ਹਿੰਦੂ ਰਾਜੇ ਚੰਦੂ ਨੇ ਸਾਹਿਬ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੂੰ ਜਹਾਂਗੀਰ ਕੋਲੋ ਸ਼ਹੀਦ ਕਰਵਾਇਆ। ਗੁਰੂ ਪੰਚਮ ਪਾਤਸ਼ਾਹ ਦੀ ਸ਼ਹੀਦੀ ਉਪਰੰਤ ਮੁਗਲ ਰਾਜ ਦੇ ਜ਼ੁਲਮਾਂ ਦੇ ਖਿਲਾਫ ਲੋਕਾਈ ਨੂੰ ਉੱਠ ਖੜੇ ਹੋਣ ਲਈ ਅਤੇ ਸਿੱਖ ਕੌਮ ਨੂੰ ਰਾਜਸੀ ਤੌਰ ਤੇ ਆਜ਼ਾਦ ਕਰਨ ਲਈ ਦਿੱਲੀ ਅਤੇ ਲਾਹੌਰ ਤਖਤ ਨਾਲੋ ਵੱਡਾ ਮੀਰੀ ਪੀਰੀ ਦੇ ਮਹਾਨ ਸਿਧਾਂਤ ਤੇ ਅਧਾਰਿਤ ਸ੍ਰੀ ਹਰਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਕੀਤੀ ਅਤੇ ਬਾਦਸ਼ਾਹੀ ਨੂੰ ਪ੍ਰਗਟਾਉਣ ਵਾਲੀ ਕਲਗੀ ਧਾਰਨ ਕਰ ਕੇ "ਸਿੱਖ ਬਾਦਸ਼ਾਹੀ" ਦੀ ਵੱਖਰੀ ਅਤੇ ਅਣਖੀਲੀ ਪਹਿਚਾਣ ਕਾਇਮ ਕੀਤੀ। ਇਹ ਉਹ ਸਮਾਂ ਸੀ ਜਦੋਂ ਗੈਰ ਮੁਸਲਿਮ ਕੌਮਾਂ ਨੂੰ ਘੋੜ ਸਵਾਰੀ ਕਰਨ, ਕਲਗੀ ਧਾਰਨ ਕਰਨ, ਕ੍ਰਿਪਾਨ ਪਹਿਨਣ ਅਤੇ ਆਪਣੇ ਕੋਲ ਬਾਜ਼ ਰੱਖਣ ਦੀ ਮਨਾਹੀ ਸੀ। ਛੇਵੇਂ ਪਾਤਸ਼ਾਹੀ ਨੇ ਕਲਗੀ ਧਾਰਨ ਕਰਕੇ ਘੋੜ ਸਵਾਰੀ ਵੀ ਕੀਤੀ, ਮੀਰੀ-ਪੀਰੀ ਦੀਆਂ ਦੋਵੇਂ ਕ੍ਰਿਪਾਨਾਂ ਪਹਿਣੀਆਂ ਅਤੇ ਆਪਣੇ ਕੋਲ ਬਾਜ਼ ਵੀ ਰੱਖਿਆ ਅਤੇ "ਸਿੱਖ ਬਾਦਸ਼ਾਹੀ" ਦਾ ਖੁੱਲ੍ਹੇ ਰੂਪ ਵਿੱਚ ਪ੍ਰਗਟਾਵਾ ਕੀਤਾ।

ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਜੀ ਦੇ ਮਹਾਨ ਅਸਥਾਨ 'ਤੇ ਪੰਜ ਸਿੱਖ ਸ਼ਰਧਾਲੂਆਂ ਦੇ ਸੀਸ ਦੀ ਮੰਗ ਕਰਕੇ ਅਤੇ ਫਿਰ ਉਨ੍ਹਾ ਸਿੱਖਾਂ ਨੂੰ ਖੰਡੇ-ਬਾਟੇ ਵਿੱਚੋ ਅੰਮ੍ਰਿਤ ਦੀ ਦਾਤਿ ਦੀ ਬਖਸ਼ਿਸ ਕਰਕੇ ਇਸ "ਸਿੱਖ ਬਾਦਸ਼ਾਹੀ" ਦੀ ਪਹਿਚਾਣ ਨੂੰ ਹੋਰ ਪ੍ਰਚੰਡ ਕੀਤਾ ਅਤੇ ਆਪਣੇ ਸਿੱਖਾਂ ਨੂੰ ਪੰਜ ਕਕਾਰਾਂ ਦੀ ਅਰਥ ਭਰਪੂਰ ਪਹਿਚਾਣ ਦੇ ਕੇ, ਸਿੱਖੀ ਬਾਣੇ ਅਤੇ ਬਾਣੀ ਨਾਲ ਜੋੜਦੇ ਹੋਏ ਸਿੱਖ ਕੌਮ ਦੀ ਵਿਲੱਖਣ ਪਹਿਚਾਣ ਨੂੰ ਬੁਲੰਦੀਆਂ 'ਤੇ ਪਹੁੰਚਾ ਦਿੱਤਾ। ਇੱਥੋ ਹੀ ਇਨਸਾਨੀ, ਇਖਲਾਕੀ, ਧਰਮੀ ਕਦਰਾਂ-ਕੀਮਤਾਂ 'ਤੇ ਅਧਾਰਿਤ ਗੁਰੂ ਸਾਹਿਬਾਨ ਦੀ ਵੱਡਮੁੱਲੀ ਮਨੁੱਖਤਾ ਪੱਖੀ ਸੋਚ ਨੂੰ ਪ੍ਰਗਟਾਉਣ ਵਾਲੇ "ਸੰਪੂਰਨ ਪ੍ਰਭੂਸੱਤਾ ਬਾਦਸ਼ਾਹੀ ਸਿੱਖ ਰਾਜ (ਖਾਲਿਸਤਾਨ)" ਦੀ ਸ਼ੁਰੂਆਤ ਹੁੰਦੀ ਹੈ।

ਪਰ ਹਿੰਦੂ ਕੌਮ ਨੇ ਨਾ ਤਾਂ ਸ੍ਰੀ ਹਰਗੋਬਿੰਦ ਸਾਹਿਬ ਨੂੰ ਸਾਥ ਦਿੱਤਾ ਤੇ ਬਾਈਧਾਰ ਦੇ ਪਹਾੜੀ ਹਿੰਦੂ ਰਾਜਿਆਂ ਵੱਲੋ ਕੀਤੀ ਗਈ ਸ਼ਿਕਾਇਤ 'ਤੇ ਅਧਾਰਿਤ ਔਰੰਗਜ਼ੇਬ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਰੁੱਧ ਫੌਜਾਂ ਚੜ੍ਹਾਈਆਂ ਗਈਆਂ ਅਤੇ ਹਿੰਦੂ ਰਾਜੇ ਜ਼ਾਬਰ ਹਕੂਮਤਾਂ ਦੀ ਮੱਦਦ ਕਰਦੇ ਰਹੇ। ਇਸ ਗੱਲ ਤੋਂ ਸਭ ਭਲੀਭਾਂਤ ਜਾਣੂ ਹਨ ਕਿ 7 ਅਤੇ 9 ਸਾਲ ਦੇ ਮਾਸੂਮ ਸਾਹਿਬਜ਼ਾਦਿਆ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰ ਕੌਰ ਜੀ ਦੇ ਖਿਲਾਫ ਮੋਰਿੰਡਾ ਥਾਣੇ ਵਿੱਚ ਐਫ ਆਈ ਆਰ ਦਰਜ ਕਰਵਾਉਣ ਵਾਲਾ ਹਿੰਦੂ ਗੰਗੂ ਬ੍ਰਾਹਮਣ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ 1708 ਈਸਵੀ ਵਿੱਚ ਤਖਤ ਸ੍ਰੀ ਹਜੂਰ ਸਾਹਿਬ ਅਬਚਲ ਨਗਰ ਦੇ ਮਹਾਨ ਅਸਥਾਨ ਉੱਤੇ ਪੰਜ ਤੀਰ ਬਖਸ਼ਿਸ ਕਰਕੇ ਸਿੱਖ ਕੌਮ ਦੀ ਬਾਦਸ਼ਾਹੀ ਨੂੰ ਕਾਇਮ ਰੱਖਣ ਲਈ ਤੋਰਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਕੇ ਗੁਰੂ ਸਾਹਿਬਾਨ ਦੇ ਸਿਧਾਂਤ ਅਨੁਸਾਰ ਹਰ ਤਰ੍ਹਾ ਦੇ ਡਰ, ਭੈ, ਲਾਲਚ ਅਤੇ ਹਉਮੈ ਆਦਿ ਤੋ ਨਿਰਲੇਪ ਰਹਿੰਦੇ ਹੋਏ ਸਿੱਖ ਕੌਮ ਨੂੰ ਬਾਦਸ਼ਾਹੀ ਦੀ ਤਰ੍ਹਾ ਜੀਵਨ ਬਤੀਤ ਕਰਨ ਦਾ ਆਦੇਸ਼ ਦਿੱਤਾ। 1708 ਈਸਵੀ ਵਿੱਚ ਹੀ ਬਾਬਾ ਬੰਦਾ ਸਿੰਘ ਬਹਾਦਰ ਨੇ ਸਿੱਖ ਕੌਮ ਵਿੱਚ "ਕੌਮੀ ਭਾਵਨਾ (National Spirit)" ਪੈਦਾ ਕਰਕੇ ਜ਼ਾਬਰ ਹੁਕਮਰਾਨਾਂ ਵਿਰੁੱਧ ਜੇਹਾਦ ਛੇੜਦੇ ਹੋਏ ਸਿੱਖ ਕੌਮ ਦੀ ਬਾਦਸ਼ਾਹੀ ਨੂੰ ਦ੍ਰਿੜਤਾ ਨਾਲ ਅੱਗੇ ਵਧਾਇਆ ਅਤੇ ਪਹਿਲੀ ਸਿੱਖ ਸਟੇਟ ਕਾਇਮ ਕੀਤੀ। ਜਦੋਂ ਕਿ ਨੈਸਨਲ ਸਟੇਟਾਂ 1889 ਫਰਾਂਸੀਸੀ ਕ੍ਰਾਂਤੀ ਤੋਂ ਬਾਅਦ ਸਥਾਪਿਤ ਹੋਈਆਂ ਹਨ ਅਤੇ ਬਾਬਾ ਬੰਦਾ ਸਿੰਘ ਬਹਾਦਰ ਨੇ ਜਗੀਰਦਾਰੀ ਸੋਚ (Feudalism) ਨੂੰ ਖਤਮ ਕੀਤਾ ਜੋ ਇਹ ਵੀ ਫਰਾਂਸ ਦੀ 1849 ਦੀ ਕ੍ਰਾਂਤੀ ਦੀ ਦੇਣ ਸੀ। ਇਸ ਸੋਚ ਅਧੀਨ ਹੀ 1789 ਵਿੱਚ ਯੂਰਪ ਵਿੱਚ ਇਨਕਲਾਬ ਆਇਆ। ਸਿੱਖ ਸਿਆਸਤ ਯੂਰਪ ਦੀ ਸਿਆਸਤ ਤੋ ਹਮੇਸ਼ਾ ਅੱਗੇ ਚਲਦੀ ਰਹੀ ਹੈ, ਪਰ ਸਿੱਖ ਰਾਜ ਦੀ ਸਮਾਪਤੀ ਤੋ ਬਾਅਦ ਸਿੱਖ ਸਿਆਸਤ ਕੁਝ ਪੱਛੜ ਗਈ। ਜਦੋ ਹਿੰਦੋਸਤਾਨ ਉੱਤੇ ਨਾਦਰਸ਼ਾਹ ਤੇ ਅਬਦਾਲੀ ਦੀਆਂ ਫੌਜਾਂ ਨੇ ਹਮਲਾ ਕੀਤਾ ਤਾਂ ਸਿੱਖ ਕੌਮ ਨੇ ਇਨ੍ਹਾ ਫੌਜਾਂ ਦੇ ਦੰਦ ਖੱਟੇ ਕੀਤੇ, ਜਿਸਦਾ ਸਭ ਕੌਮਾਂ ਤੇ ਮੁਲਕਾਂ ਨੇ ਸਵਾਗਤ ਕੀਤਾ। ਸਿੱਖਾਂ ਨੇ ਇਨ੍ਹਾ ਜੰਗਾਂ ਵਿੱਚ ਆਪਣੀ ਬਹਾਦਰੀ, ਇਮਾਨਦਾਰੀ ਦੇ ਜੌਹਰ ਦਿਖਾ ਕੇ ਇਹ ਸਾਬਿਤ ਕਰ ਦਿੱਤਾ ਕਿ ਸਿੱਖ ਕੌਮ ਜਨਮ ਤੋ ਹੀ "ਬਾਦਸ਼ਾਹੀ, ਰਾਜਸੀ ਸ਼ਕਤੀ ਅਤੇ ਧਰਮੀ ਇਖਲਾਕੀ ਗੁਣਾਂ ਦੀ ਮਾਲਕ ਹੈ"। ਸਿੱਖਾਂ ਵੱਲੋਂ ਜ਼ਾਬਰਾਂ ਵਿਰੁੱਧ ਕੀਤੀ ਗਈ ਇਸ ਜੰਗ ਉਪਰੰਤ ਹਿਮਾਲਿਆ ਪਰਬਤ ਵੱਲੋ ਕਦੀ ਵੀ ਵਿਦੇਸ਼ੀ ਹਮਲਾ ਫਿਰ ਨਾ ਹੋਇਆ, ਸਦਾ ਲਈ ਰੋਕ ਲਾ ਦਿੱਤੀ। ਲੇਕਿਨ 1947 ਤੋਂ ਬਾਅਦ ਬਣੇ ਹਿੰਦੂ ਰਾਜ ਸਮੇਂ ਹਿਮਾਲਿਆ ਪਰਬਤ ਪਾਰ ਕਰਕੇ 1962 ਵਿੱਚ ਚੀਨ ਨੇ ਹਮਲਾ ਕਰਕੇ ਹਿੰਦੋਸਤਾਨ ਦੀ 40,000 ਕਿ:ਮੀ: ਜ਼ਮੀਨ ਕਬਜ਼ੇ ਵਿੱਚ ਲੈ ਲਈ, ਜੋ ਅੱਜ ਤੱਕ ਹਿੰਦੋਸਤਾਨ ਇਹ ਕਬਜ਼ਾ ਛੁਡਵਾ ਨਹੀਂ ਸਕਿਆ। ਚੇਤੇ ਹੋਵੇ ਕਿ ਅੱਜ ਇਹ ਚੀਨ ਦੇ ਕਬਜ਼ੇ ਵਾਲੀ ਧਰਤੀ ਲੱਦਾਖ, ਲਾਹੌਰ


ਦਰਬਾਰ ਨੇ 1843 ਵਿੱਚ ਤਿੱਬਤ ਤੋਂ ਫਤਿਹ ਕੀਤੀ ਸੀ। 1799 ਵਿੱਚ ਸਿੱਖ ਮਿਸਲਾਂ ਨੇ ਲਾਹੌਰ ਫਤਿਹ ਕੀਤਾ ਅਤੇ 40 ਸਾਲ ਦੇ ਲੰਮੇ ਸਮੇ ਤੱਕ ਖਾਲਸਾ ਰਾਜ (ਖਾਲਿਸਤਾਨ) ਦੀ ਅਗਵਾਈ ਮਹਾਰਾਜਾ ਰਣਜੀਤ ਸਿੰਘ ਨੇ ਬਾਖੂਬੀ ਨਿਭਾਈ, ਜਿਸਨੂੰ ਲਾਹੌਰ ਦਰਬਾਰ ਦੇ ਨਾਂ ਨਾਲ ਜਾਣਿਆ ਜਾਂਦਾ ਰਿਹਾ। ਉਨ੍ਹਾ ਨੇ ਆਪਣੀ ਬਾਦਸ਼ਾਹੀ ਸਮੇ ਬਾਦਸ਼ਾਹ ਹੁੰਦੇ ਹੋਏ ਵੀ ਆਪਣੇ ਵੱਲੋ ਹੋਈ ਇਖਲਾਕੀ ਗਲਤੀ ਨੂੰ ਪ੍ਰਵਾਨ ਕਰਦੇ ਹੋਏ ਸਿੱਖ ਕੌਮ ਦੇ ਮੀਰੀ-ਪੀਰੀ ਦੇ ਤਖਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੇਸ਼ ਹੋ ਕੇ ਆਪਣੀ ਭੁੱਲ ਬਖਸਾਉਦੇ ਹੋਏ ਸਿੱਖ ਬਾਦਸ਼ਾਹੀ ਰਾਜ ਦੀਆਂ ਜੜ੍ਹਾਂ ਨੂੰ ਹੋਰ ਡੂੰਘਾ ਕੀਤਾ ਅਤੇ ਸਿੱਖ ਰਾਜ ਦੇ ਵਿੱਚ ਪਿਸ਼ਾਵਰ ਸੂਬਾ ਅਤੇ ਕਸ਼ਮੀਰ ਸੂਬਾ ਜੋ ਅਫਗਾਨਿਸਤਾਨ ਦੇ ਅਟੁੱਟ ਹਿੱਸੇ ਸੀ, ਉਨ੍ਹਾ ਨੂੰ ਫਤਿਹ ਕਰਕੇ ਲਾਹੌਰ ਦਰਬਾਰ ਦੇ ਨਾਲ ਜੋੜਿਆ। ਅੱਜ ਪਿਸ਼ੌਰ ਦਾ ਸੂਬਾ ਪਾਕਿਸਤਾਨ ਅਤੇ ਅਫਗਾਨਿਸਤਾਨ ਵਿੱਚ ਹੈ, ਜੋ ਕਿ ਅਮਰੀਕਾ, ਨਾਟੋ ਅਤੇ ਪਾਕਿਸਤਾਨ ਦੀਆਂ ਫੌਜਾਂ ਵੀ ਇਸ ਇਲਾਕੇ ਦੀ ਮੌਜੂਦਾ ਬਗਾਵਤ ਨੂੰ ਕਾਬੂ ਕਰਨ ਵਿੱਚ ਅਸਫਲ ਸਾਬਿਤ ਹੋ ਚੁੱਕੀਆਂ ਹਨ ਅਤੇ ਜੋ ਅਫਗਾਨਿਸਤਾਨ ਤੋਂ ਲਾਹੌਰ ਦਰਬਾਰ ਨੇ ਕਸ਼ਮੀਰ ਦਾ ਸੂਬਾ ਫਤਿਹ ਕੀਤਾ ਸੀ ਅੱਜ ਦੋ ਹਿੱਸਿਆਂ ਦੇ ਵਿੱਚ ਤਕਸੀਮ ਹੈ – ਇੱਕ ਹਿੱਸਾ ਪਾਕਿਸਤਾਨ ਕੋਲ ਅਤੇ ਦੂਜਾ ਹਿੰਦੋਸਤਾਨ ਦੇ ਮਿਲਟਰੀ ਕਬਜ਼ੇ ਵਿੱਚ ਹੈ ਜਿਹੜਾ ਏਨੀ ਵੱਡੀ ਹਿੰਦੋਸਤਾਨ ਦੀ ਫੌਜ ਦੇ ਕਾਬੂ ਤੋਂ ਬਾਹਰ ਹੈ। ਇਹ ਲਾਹੌਰ ਦਰਬਾਰ (ਖਾਲਿਸਤਾਨ) ਦੀਆਂ ਪ੍ਰਾਪਤੀਆਂ ਸਨ ਅਤੇ ਜਿਸਦਾ ਭਾਵਅਰਥ ਇਹ ਹੈ ਕਿ ਸਿੱਖ ਕੌਮ ਇਮਾਨਦਾਰੀ, ਦ੍ਰਿੜਤਾ, ਇਨਸਾਫ ਪਸੰਦ ਰਾਜ ਕਰਨ ਦੀ ਸ਼ਕਤੀ ਅਤੇ ਕਾਬਲੀਅਤ ਰੱਖਦੀ ਹੈ। ਇੱਥੇ ਚੇਤੇ ਕਰਨਾ ਜ਼ਰੂਰੀ ਹੈ ਕਿ ਲਾਹੌਰ ਦਰਬਾਰ ਦੇ ਵਿੱਚ ਮੌਤ ਦੀ ਸਜ਼ਾ ਵਰਜਿਤ ਸੀ ਜੋ ਅੱਜ ਸਾਰੇ ਯੂਰਪ ਵਿੱਚ ਅਜਿਹੀ ਸਜ਼ਾ 'ਤੇ ਪਾਬੰਦੀ ਲੱਗੀ ਹੋਈ ਹੈ ਅਤੇ 132 ਮੁਲਕਾਂ ਨੇ ਸਜ਼ਾ-ਏ-ਮੌਤ ਨੂੰ ਖਤਮ ਕਰ ਦਿੱਤਾ ਹੈ। ਸਿੱਖ ਰਾਜ ਦੀ ਸੋਚ ਹਮੇਸ਼ਾ ਬਹੁਤ ਅਗਾਂਹਵਧੂ ਅਤੇ ਦੂਰ-ਅੰਦੇਸ਼ੀ ਵਾਲੀ ਮਨੁੱਖਤਾ ਪੱਖੀ ਰਹੀ ਹੈ ਜਿਵੇਂ ਬਾਬਾ ਬੰਦਾ ਸਿੰਘ ਬਹਾਦਰ ਦੇ ਰਾਜ ਬਾਰੇ ਅਸੀਂ ਉਕਤ ਲਿਖ ਚੁੱਕੇ ਹਾਂ।

ਪਰ ਹਿੰਦੂ ਡੋਗਰਿਆਂ ਵੱਲੋ ਕੀਤੀ ਗਈ ਗੱਦਾਰੀ ਕਾਰਨ ਉਸ ਸਮੇ ਸਿੱਖ ਬਾਦਸ਼ਾਹੀ (ਖਾਲਿਸਤਾਨ) ਦਾ ਪਤਨ ਹੋਇਆ ਅਤੇ ਇਹ ਬਾਦਸ਼ਾਹੀ ਕੁਝ ਸਮੇ ਲਈ ਬਿਖਰ ਗਈ ਅਤੇ ਅੰਗਰੇਜਾਂ ਨੇ ਸਿੱਖਾਂ ਦੇ ਇਲਾਕੇ 'ਤੇ ਰਾਜ ਕੀਤਾ। ਆਖਿਰ ਸਿੱਖ ਕੌਮ ਅਤੇ ਅੰਗਰੇਜ਼ਾਂ ਵਿਚਕਾਰ 1849 ਵਿੱਚ ਇੱਕ ਇਤਿਹਾਸਿਕ ਸੰਧੀ ਹੋਈ, ਜਿਸ ਅਧੀਨ ਮਹਾਰਾਜਾ ਦਲੀਪ ਸਿੰਘ ਦੀ ਛੋਟੀ ਉਮਰ ਹੋਣ ਕਰਕੇ 21 ਸਾਲ ਦਾ ਹੋ ਜਾਣ ਤੱਕ ਸਿੱਖ ਰਾਜ (ਖਾਲਿਸਤਾਨ) ਨੂੰ ਮੁਅੱਤਲ ਕੀਤਾ ਗਿਆ। 1857 ਵਿੱਚ ਹੋਏ ਗਦਰ ਉਪਰੰਤ ਅੰਗਰੇਜ਼ਾਂ ਨੇ ਮੁਗਲ ਹਕੂਮਤ ਨੂੰ ਵੀ ਭੰਗ ਕਰ ਦਿੱਤਾ ਸੀ। ਮਹਾਰਾਜਾ ਦਲੀਪ ਸਿੰਘ ਦੇ 21 ਸਾਲ ਹੋਣ ਤੇ ਵੀ ਅੰਗਰੇਜ਼ਾਂ ਵੱਲੋ ਸਿੱਖ ਕੌਮ ਨਾਲ ਕੀਤੀ ਗਈ ਸੰਧੀ ਅਨੁਸਾਰ ਖਾਲਸਾ ਰਾਜ ਦੀ ਬਾਦਸ਼ਾਹੀ ਬਹਾਲ ਨਾ ਕੀਤੀ। ਸਿੱਖ ਕੌਮ ਜਦੋਂ ਅੰਗਰੇਜਾਂ ਦੇ ਅਧੀਨ ਹੋ ਗਈ ਤੇ ਸਿੰਘ ਸਭਾ ਲਹਿਰ ਅਧੀਨ ਸਿੱਖਾਂ ਨੇ ਗੁਰੂ ਘਰਾਂ ਉੱਤੇ ਕਾਬਿਜ਼ ਹੋਏ ਮਹੰਤਾਂ ਦੇ ਕਬਜ਼ੇ ਛੁਡਾਉਣ ਲਈ 1920 ਵਿੱਚ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਕੀਤੀ। ਇਸ ਤੋਂ ਮਗਰੋਂ ਹਿੰਦੂ ਅਤੇ ਮੁਸਲਿਮ ਕੌਮ ਸਿਆਸਤ ਵਿੱਚ ਪੂਰੀ ਸਰਗਰਮ ਰਹੀ, ਪਰ ਸਿੱਖ ਕੌਮ ਨੇ ਜਿਆਦਾ ਦਿਲਚਸਪੀ ਨਾ ਦਿਖਾਈ। ਇੱਥੇ ਇਹ ਵਰਣਨ ਕਰਨਾ ਅਤਿ ਜ਼ਰੂਰੀ ਹੈ ਕਿ ਭਾਵੇ ਕਿ 1943 ਵਿੱਚ ਕਾਮਰੇਡਾਂ ਵਿੱਚ ਤੇਜ਼-ਤਰਾਰ ਚੁਸਤ ਦਿਮਾਗ ਰੱਖਣ ਵਾਲੇ ਸਿਆਸਤਦਾਨ ਸ੍ਰੀ ਹਰਕ੍ਰਿਸ਼ਨ ਸਿੰਘ ਸੁਰਜੀਤ ਨੇ ਖਾਲਿਸਤਾਨ ਦਾ ਖਰੜਾ ਲਿਖਿਆ ਸੀ। ਜਿਸਨੂੰ ਭਾਰਤੀ ਕਮਿਊਨਿਸਟ ਪਾਰਟੀ ਨੇ ਸੋਵੀਅਤ ਯੂਨੀਅਨ ਦੀ ਮਾਸਕੋ ਵਿਖੇ ਹੋਈ ਇਕੱਤਰਤਾ ਵਿੱਚ ਇਸਨੂੰ ਪ੍ਰਵਾਨਗੀ ਦਿੱਤੀ। ਪਰ ਆਜ਼ਾਦੀ ਤੋ ਬਿਲਕੁਲ ਪਹਿਲੇ 1946 ਵਿੱਚ ਸ: ਬਲਵੰਤ ਸਿੰਘ ਕੂੱਕੜ ਵੱਲੋ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਾਊਸ ਵਿੱਚ ਖਾਲਿਸਤਾਨ ਦਾ ਮਤਾ ਰੱਖ ਕੇ ਸਿੱਖ ਕੌਮ ਦੀ ਪਾਰਲੀਮੈਂਟ ਤੋ ਪਾਸ ਕਰਵਾਇਆ ਗਿਆ ਮਤਾ ਵੀ "ਆਜ਼ਾਦ ਬਾਦਸ਼ਾਹੀ ਸਿੱਖ ਰਾਜ (ਖਾਲਿਸਤਾਨ)" ਪ੍ਰਾਪਤ ਕਰਨ ਦੀ ਕੋਈ ਵੀ ਕੜੀ ਨਾ ਬਣ ਸਕਿਆ।

1947 ਤੋਂ ਪਹਿਲੇ ਕਾਂਗਰਸ ਜਮਾਤ ਦੇ ਹੋਏ ਇਜਲਾਸ ਵਿੱਚ ਸਿੱਖ ਨੁਮਾਇੰਦਿਆਂ ਨੇ ਕਾਂਗਰਸ ਜਮਾਤ ਵੱਲੋ ਸਿੱਖ ਕੌਮ ਨਾਲ ਕਿਸ ਤਰ੍ਹਾ ਧੋਖਾ ਕਰਨ ਦੀ ਸ਼ੰਕਾ ਪ੍ਰਗਟ ਕਰਦੇ ਹੋਏ ਵਿਚਾਰ ਪੇਸ਼ ਕੀਤੇ ਤਾਂ ਉਸ ਇਜਲਾਸ ਵਿੱਚ ਸ਼ਾਮਿਲ ਹਿੰਦੂ ਆਗੂ ਸ੍ਰੀ ਐਮ ਕੇ ਗਾਂਧੀ ਨੇ ਕਿਹਾ ਸੀ ਕਿ "ਜੇਕਰ ਹਿੰਦੂ ਕੌਮ ਦੀ ਅਗਵਾਈ ਕਰਨ ਵਾਲੀ ਕਾਂਗਰਸ ਜਮਾਤ ਨੇ ਆਜ਼ਾਦ ਹਿੰਦੋਸਤਾਨ ਵਿੱਚ ਸਿੱਖ ਕੌਮ ਨਾਲ ਆਪਣੇ ਵੱਲੋ ਕੀਤੇ ਗਏ ਕੌਲ-ਇਕਰਾਰਾਂ ਵਿੱਚ ਕੋਈ ਫਰੇਬ ਕਰਨ ਦੀ ਗੁਸਤਾਖੀ ਕੀਤੀ ਤਾਂ ਸਿੱਖ ਕੌਮ ਵੱਲੋ ਆਪਣੇ ਹੱਕ-ਹਕੂਕਾਂ ਦੀ ਰੱਖਿਆ ਲਈ ਤਲਵਾਰ ਉਠਾਉਣੀ ਜ਼ਾਇਜ ਹੋਵੇਗੀ ਅਤੇ ਸਿੱਖ ਕੌਮ ਆਪਣੇ ਹੱਕ ਖੁਦ ਲੈ ਲਵੇਗੀ"। ਇਸ ਉਪਰੰਤ ਹਿੰਦੋਸਤਾਨ ਦੇ ਪਹਿਲੇ ਗ੍ਰਹਿ ਵਜ਼ੀਰ ਸ੍ਰੀ ਵੱਲਭ ਭਾਈ ਪਟੇਲ ਨੇ

ਸਰਕਾਰੀ ਗੁਪਤ ਫਾਇਲਾਂ ਵਿੱਚ ਸਿੱਖ ਕੌਮ ਨੂੰ "ਜ਼ਰਾਇਮ ਪੇਸ਼ਾ" ਕਰਾਰ ਦੇ ਕੇ ਨਫਰਤ ਭਰਿਆ ਸਰਕੂਲੇਸ਼ਨ ਜਾਰੀ ਕੀਤਾ। ਜਿੱਥੋਂ ਸਿੱਖ ਕੌਮ ਨਾਲ ਹਿੰਦੂ ਜਮਾਤ ਦੇ ਵਿਤਕਰਿਆਂ ਅਤੇ ਧੋਖਿਆ ਦੀ ਦਾਸਤਾਨ ਸ਼ੁਰੂ ਹੁੰਦੀ ਹੈ। ਉਸ ਸਮੇਂ ਸ੍ਰੀ ਨਹਿਰੂ ਨੇ ਇਹ ਵਚਨ ਕੀਤਾ ਸੀ ਕਿ "ਸਿੱਖ ਕੌਮ ਨੂੰ ਆਜ਼ਾਦੀ ਦਾ ਨਿੱਘ ਮਾਣਨ ਹਿੱਤ ਉੱਤਰੀ ਭਾਰਤ ਵਿੱਚ ਇੱਕ ਆਜ਼ਾਦ ਖਿੱਤਾ (ਖਾਲਿਸਤਾਨ) ਦਿੱਤਾ ਜਾਵੇਗਾ। ਜਿਸ ਵਿੱਚ ਸਿੱਖ ਕੌਮ ਆਪਣੀਆਂ ਰਸਮੋ-ਰਿਵਾਜਾਂ, ਲਿੱਪੀ, ਬੋਲੀ, ਸੱਭਿਆਚਾਰ ਅਤੇ ਧਰਮ ਅਨੁਸਾਰ ਆਜ਼ਾਦੀ ਨਾਲ ਵਿਚਰ ਸਕੇਗੀ।" ਉਸ ਤੋਂ ਵੀ ਹਿੰਦ ਹਕੂਮਤ ਤੇ ਇੱਥੋ ਦੇ ਹਿੰਦੂ ਆਗੂ ਮੁਨੱਕਰ ਹੋ ਗਏ। ਗਾਂਧੀ ਵਰਗੇ ਹਿੰਦੂ ਆਗੂ ਮਕਾਰਤਾ ਅਤੇ ਫਰੇਬ ਕਰਨ ਵਾਲੇ ਸਾਬਿਤ ਹੋਏ। ਜਦੋਂ ਕਿ ਉਹਨਾਂ ਦੇ ਸਰੀਰ ਦੀ ਬਣਾਵਟ ਕਮਜ਼ੋਰ, ਗਰੀਬਾਂ ਅਤੇ ਸ਼ਰੀਫਾਂ ਵਰਗੀ ਸੀ। ਅਸੀਂ ਸਿੱਖ ਕੌਮ ਆਪਣੀ ਖੁਰਾਕ ਦੀ ਬਦੌਲਤ ਸਰੀਰਿਕ ਤੌਰ ਤੇ ਮਜ਼ਬੂਤ ਹਾਂ। ਪਰ ਅਜਿਹੇ ਸਰੀਰਾਂ ਨੂੰ ਕੀ ਕਰਨਾ, ਜੋ ਆਪਣੇ ਗੁਰੂ ਸਾਹਿਬਾਨ ਅਤੇ ਸ਼ਹੀਦਾਂ ਦੀ ਵੱਡਮੁੱਲੀ ਸੋਚ ਉੱਤੇ ਪਹਿਰਾ ਦੇਣ ਤੋਂ ਹੀ ਭੱਜ ਜਾਵੇ। ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦਾ ਸਰੀਰ ਇਕਹਿਰਾ ਪਤਲਾ ਸੀ, ਲੇਕਿਨ ਆਤਮਿਕ ਤੌਰ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘਾਂ ਵਾਲੀ ਮਜ਼ਬੂਤੀ ਦੇ ਮਾਲਿਕ ਸਨ, ਜਿਹਨਾਂ ਨੇ ਆਖਰੀ ਸੁਆਸ ਤੱਕ ਆਪਣੇ ਬਚਨਾਂ ਉੱਤੇ ਪਹਿਰਾ ਦਿੱਤਾ। ਬੇਸ਼ੱਕ ਗਾਂਧੀ, ਨਹਿਰੂ, ਪਟੇਲ ਤੇ ਰਜਿੰਦਰਾ ਪ੍ਰਸ਼ਾਦ ਵਰਗੇ ਹਿੰਦੂ ਆਗੂਆਂ ਨੇ ਸਿੱਖ ਕੌਮ ਨਾਲ ਧੋਖਾ ਕੀਤਾ। ਪਰ ਆਪਣੀ ਹਿੰਦੂ ਕੌਮ ਨਾਲ ਤਾਂ ਵਫਾਦਾਰੀ ਕੀਤੀ। ਉਨ੍ਹਾ ਨੇ ਆਪਣੀ ਆਜ਼ਾਦੀ ਦੀ ਲੜਾਈ 1885 ਤੋਂ ਸ਼ੁਰੂ ਕਰਕੇ 1947 ਤੱਕ ਆਪਣਾ ਮੁਲਕ ਬਣਾ ਲਿਆ। ਜੇਕਰ ਅਸੀਂ ਆਪਣੀ ਆਜ਼ਾਦੀ ਵੱਡੀ ਲਹਿਰ ਪੈਦਾ ਕਰ ਦਿੱਤੀ, ਪਰ ਅਸੀਂ ਇੰਨੇ ਲੰਮੇ ਸਮੇ ਤੋਂ ਤੁਰੇ ਹੋਏ ਆਪਣਾ ਘਰ ਨਹੀਂ ਬਣਾ ਸਕੇ ਕਿਉਕਿ ਅਸੀਂ ਆਪਣੇ ਨਿਸ਼ਾਨੇ ਪ੍ਰਤੀ ਸੁਹਿਰਦ ਨਹੀਂ ਹਾਂ। ਕਿਉਂਕਿ ਸਾਡੀ ਸਿੱਖ ਲੀਡਰਸ਼ਿਪ ਆਪਣੀ ਹੀ ਕੌਮ ਨਾਲ ਦਗੇ ਤੇ ਧੋਖੇ ਕਰਦੀ ਆ ਰਹੀ ਹੈ ਅਤੇ ਸਾਡੇ (ਸਿੱਖਾਂ) ਵੱਲੋ ਸਿੱਖ ਕੌਮ ਦੇ ਹੱਕ ਵਿੱਚ ਉੱਦਮ ਕਰਨ 'ਤੇ ਮੁਕੱਦਮੇ ਦਰਜ ਕਰ ਦਿੰਦੀ ਹੈ ਅਤੇ ਕਈ ਵਾਰੀ ਸਾਨੂੰ ਮੌਤ ਦੀਆਂ ਸਜ਼ਾਵਾਂ ਵਿੱਚ ਝੋਕ ਦਿੰਦੀ ਹੈ। ਕੀ ਅਜਿਹੀ ਲੀਡਰਸਿਪ ਨੂੰ "ਸਿੱਖ ਲੀਡਰਸ਼ਿਪ" ਦਾ ਨਾਮ ਦੇਣਾ ਮੁਨਾਸਿਬ ਹੈ? ਪੰਜਾਬੀ ਸੂਬੇ ਦੀ ਜੋ ਮੰਗ ਉੱਠੀ ਉਹ ਅਸਲੀਅਤ ਵਿੱਚ "ਖਾਲਿਸਤਾਨ" ਤੇ "ਖਾਲਸਾ ਰਾਜ" ਹੀ ਸੀ। 1947 ਵਿੱਚ ਅੰਗਰੇਜਾਂ ਨੇ ਸਿੱਖ ਸਲਤਨਤ ਅਧੀਨ ਆਉਦੇ ਇਲਾਕਿਆਂ ਨੂੰ ਸਿੱਖ ਕੌਮ ਦੇ ਸਪੁੱਰਦ ਕਰਨ ਦੀ ਬਜਾਏ, ਮੁਸਲਿਮ ਕੌਮ ਨੂੰ ਦੀ ਭੰਗ ਕੀਤੀ ਸਲਤਨਤ ਬਹਾਲ ਕਰਕੇ ਪਾਕਿਸਤਾਨ ਦੇ ਦਿੱਤਾ, ਜਿੱਥੇ ਹਿੰਦੂਆਂ ਦਾ ਕੋਈ ਰਾਜ ਨਹੀਂ ਸੀ ਅਤੇ ਹਿੰਦੂ ਕੌਮ ਨੂੰ ਜਿਹਨਾਂ ਦਾ ਕਿਤੇ ਕੋਈ ਰਾਜ ਹੀ ਨਹੀਂ ਸੀ, ਉਨ੍ਹਾ ਨੂੰ ਹਿੰਦੋਸਤਾਨ ਦਾ ਰਾਜ ਦੇ ਦਿੱਤਾ। ਪਰ ਸਿੱਖਾਂ ਦੀ ਮੁਅੱਤਲ ਕੀਤੀ ਗਈ ਬਾਦਸ਼ਾਹੀ ਨੂੰ ਬਹਾਲ ਨਾ ਕੀਤਾ ਗਿਆ। ਜਿਸ ਕੈਬਨਿਟ ਮਿਸ਼ਨ ਪਲਾਨ ਤਹਿਤ ਮੁਸਲਿਮ ਅਤੇ ਹਿੰਦੂ ਕੌਮ ਨੂੰ ਆਜ਼ਾਦੀ ਦਿੱਤੀ, ਉਸ ਵਿੱਚ ਸਿੱਖ ਕੌਮ ਦੀ ਸਮੂਲੀਅਤ ਕਰਕੇ ਕਾਨੂੰਨੀ, ਇਖਲਾਕੀ ਅਤੇ ਵਿਧਾਨਿਕ ਹੱਕ ਅਨੁਸਾਰ ਬਾਦਸ਼ਾਹੀ ਨਾ ਦੇ ਕੇ ਸਿੱਖ ਕੌਮ ਨਾਲ ਬਹੁਤ ਵੱਡਾ ਧ੍ਰੋਹ ਕਮਾਇਆ। ਇੱਥੋ ਹੀ ਸਿੱਖ ਕੌਮ ਨਾਲ ਹੋਣ ਵਾਲੀਆਂ ਬੇਇਨਸਾਫੀਆਂ ਅਤੇ ਵਿਤਕਰਿਆਂ ਦਾ ਦੌਰ ਸ਼ੁਰੂ ਹੋਇਆ। ਇਸ ਲਈ ਸਿੱਖ ਕੌਮ ਆਪਣੇ ਮਹਾਨ ਸਿਧਾਂਤਾ "ਭੈ ਕਾਹੂ ਕਉ ਦੇਤ ਨਾ, ਨਾ ਭੈ ਮਾਨਤਿ ਆਨਿ" ਉੱਤੇ ਅਡੋਲ ਪਹਿਰਾ ਦਿੰਦੀ ਹੋਈ ਆਪਣੇ ਖਾਲਸਾ ਰਾਜ (ਖਾਲਿਸਤਾਨ) ਦੀ ਮੰਗ ਕਰਨ ਅਤੇ ਉਸਦੀ ਕਾਇਮੀ ਲਈ ਹਰ ਹੀਲਾ-ਵਸੀਲਾ ਜੁਟਾਉਣ ਲਈ ਵਿਧਾਨਿਕ ਅਤੇ ਕਾਨੂੰਨੀ ਹੱਕਦਾਰ ਹੈ ਕਿਉਂਕਿ ਹਿੰਦੂਆਂ ਨੇ ਵੀ ਆਪਣੇ ਵਾਅਦੇ ਅਨੁਸਾਰ ਸਿੱਖ ਕੌਮ ਲਈ ਕੁਝ ਨਹੀਂ ਕੀਤਾ।

ਇਸ ਉਪਰੰਤ 26 ਜਨਵਰੀ 1950 ਨੂੰ ਆਜ਼ਾਦ ਹਿੰਦੋਸਤਾਨ ਵਿੱਚ ਵਿਧਾਨ ਲਾਗੂ ਕਰਦੇ ਸਮੇ ਸ: ਭੁਪਿੰਦਰ ਸਿੰਘ ਮਾਨ ਅਤੇ ਸ: ਹੁਕਮ ਸਿੰਘ ਜੋ ਭਾਰਤੀ ਵਿਧਾਨ ਘਾੜਤਾ ਕਮੇਟੀ (**Constituent Assembly**) ਦੇ ਅੰਗਰੇਜ਼ਾਂ ਅਤੇ ਸਿੱਖਾਂ ਵੱਲੋਂ ਨੁਮਾਇਦੇ ਸਨ, ਉਨ੍ਹਾ ਨੇ ਇਸ ਸਿੱਖ ਕੌਮ ਨਾਲ ਧੋਖਾ ਕਰਨ ਵਾਲੇ ਵਿਧਾਨ ਉੱਤੇ ਦਸਤਖਤ ਨਹੀਂ ਸਨ ਕੀਤੇ। ਇਹ ਵਾਪਰੀ ਵੱਡੀ ਇਤਿਹਾਸਿਕ ਗੱਲ ਵੀ ਸਿੱਖ ਕੌਮ ਨੂੰ ਵਿਧਾਨਿਕ, ਕਾਨੂੰਨੀ ਅਤੇ ਇਖਲਾਕੀ ਤੌਰ ਤੇ ਆਪਣਾ ਸਿੱਖ ਰਾਜ (ਖਾਲਿਸਤਾਨ) ਮੰਗ ਕਰਨ ਦਾ ਜਮਹੂਰੀਅਤ ਹੱਕ ਪ੍ਰਦਾਨ ਕਰਦੀ ਹੈ। ਪਰ 1966 ਵਿੱਚ ਪੰਜਾਬੀ ਸੂਬਾ ਬਣਾਉਦੇ ਹੋਏ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ, ਪੰਜਾਬ ਦੇ ਦਰਿਆਵਾਂ ਤੇ ਨਹਿਰਾਂ ਦਾ ਪਾਣੀ ਅਤੇ ਹੈਂਡਵਰਕਸ ਜ਼ਬਰੀ ਪੰਜਾਬ ਸੂਬੇ ਤੋ ਬਾਹਰ ਰੱਖ ਕੇ ਇੱਥੋ ਦੀਆਂ ਹਿੰਦੂਤਵ ਤਾਕਤਾਂ ਨੇ ਸਿੱਖ ਕੌਮ ਨਾਲ ਇੱਕ ਵਾਰੀ ਫਿਰ ਵੱਡੀ ਬੇਇਨਸਾਫੀ ਅਤੇ ਬੇਇਮਾਨੀ ਕੀਤੀ। ਸੰਤ ਫਤਿਹ ਸਿੰਘ ਅਤੇ ਸੰਤ ਚੰਨਣ ਸਿੰਘ ਜੋ ਪੰਜਾਬ ਦੀ ਵੰਡ ਦੇ ਇਹਨਾਂ ਹਿੰਦੂਆਂ ਦੇ ਭਾਈਵਾਲ ਸਨ। ਉਹ ਪੰਜਾਬੀ ਸੂਬਾ ਨਾ ਬਣਾ ਸਕੇ, ਬਲਕਿ ਇਸ ਮਕਸਦ ਦੀ ਪ੍ਰਾਪਤੀ ਲਈ ਸ: ਦਰਸ਼ਨ ਸਿੰਘ ਫੇਰੂਮਾਣ ਨੂੰ ਆਪਣੀ ਸ਼ਹਾਦਤ ਦੇਣੀ ਪਈ। ਇਨ੍ਹਾ ਉਪਰੋਕਤ ਹੋਈਆਂ ਬੇਇਨਸਾਫੀਆਂ ਦਾ ਜ਼ਿਕਰ ਕਰਦੇ ਹੋਏ 1973 ਵਿੱਚ ਸ: ਕਪੂਰ ਸਿੰਘ ਆਈ ਸੀ ਐਸ ਨੇ ਸਿੱਖ ਕੌਮ ਦੇ ਬੋਲਬਾਲੇ ਦੀ ਸੋਚ 'ਤੇ ਅਧਾਰਿਤ "ਸ੍ਰੀ ਅਨੰਦਪੁਰ ਦਾ ਮਤਾ" ਲਿਆਂਦਾ। ਜਿਸ



submitted to

SECRETARY-GENERAL OF THE UNITED NATIONS

during his visit to New Delhi, India

on 22 April 1992

Simranjit Singh Mann


Parkash Singh Badal

Gurcharan Singh Tohra

Harcharan Singh

ਅਨੁਸਾਰ ਰੱਖਿਆ, ਵਿਦੇਸ਼ੀ ਵਿਭਾਗ, ਕਰੰਸੀ ਅਤੇ ਸੰਚਾਰ ਸਾਧਨਾਂ ਦੇ ਵਿਭਾਗ ਸੈਟਰ ਕੋਲ ਰੱਖਣ ਅਤੇ ਬਾਕੀ ਦੇ ਅਧਿਕਾਰ ਪੰਜਾਬ ਸਰਕਾਰ ਨੂੰ ਦੇਣ ਦੀ ਤਜ਼ਵੀਜ ਰੱਖੀ ਸੀ, ਜੋ ਕਿ ਅਸਲੀਅਤ ਵਿੱਚ ਸਿੱਖ ਕੌਮ ਦੇ ਸਵੈਮਾਣ, ਵੱਖਰੀ ਅਣਖੀਲੀ ਪਹਿਚਾਣ ਨੂੰ ਮਜ਼ਬੂਤ ਕਰਦੀ ਸੀ ਅਤੇ ਜੋ ਸਹੀ ਮਾਇਨਿਆ ਵਿੱਚ "ਖਾਲਿਸਤਾਨ" ਹੀ ਸੀ। ਸ੍ਰੋਮਣੀ ਅਕਾਲੀ ਦਲ ਨੇ ਉਸ ਸਮੇ ਇਹ ਮਤਾ ਪ੍ਰਵਾਨ ਕਰਕੇ ਆਪਣੇ ਹਾਊਸ ਵਿੱਚ ਪਾਸ ਕੀਤਾ ਸੀ। 26 ਜਨਵਰੀ 1986 ਨੂੰ ਸਿੱਖ ਕੌਮ ਦੇ ਸਰਵ ਉੱਚ ਤਖਤ ਸ੍ਰੀ ਅਕਾਲ ਤਖਤ ਸਾਹਿਬ ਦੇ ਮਹਾਨ ਅਸਥਾਨ 'ਤੇ ਹੋਏ "ਸਰਬੱਤ ਖਾਲਸੇ" ਦੇ ਮਹਾਨ ਇਕੱਠ ਵਿੱਚ ਸਮੁੱਚੀਆਂ ਸਿਆਸੀ, ਧਾਰਮਿਕ, ਪੰਥਕ ਅਤੇ ਖਾੜਕੂ ਜਥੇਬੰਦੀਆਂ ਦੀ ਹਾਜ਼ਰੀ ਵਿੱਚ ਇੱਕ ਵਾਰੀ ਫਿਰ "ਖਾਲਿਸਤਾਨ" ਕਾਇਮ ਕਰਨ ਦਾ ਮਤਾ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ। ਦਸੰਬਰ 1990 ਵਿੱਚ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਮਹਾਨ ਸ਼ਹੀਦੀ ਅਸਥਾਨ ਉੱਤੇ ਹੋਣ ਵਾਲੀ ਸ਼ਹੀਦੀ ਕਾਨਫਰੰਸ ਵਿੱਚ ਸ: ਪ੍ਰਕਾਸ਼ ਸਿੰਘ ਬਾਦਲ, ਮਰਹੂਮ ਜਥੇਦਾਰ ਗੁਰਚਰਨ ਸਿੰਘ ਟੋਹੜਾ, ਜਗਦੇਵ ਸਿੰਘ ਤਲਵੰਡੀ ਅਤੇ ਸਮੁੱਚੀ ਸਿੱਖ ਲੀਡਰਸ਼ਿਪ ਨੇ ਪਹੁੰਚ ਕੇ ਇੱਕ ਸਾਂਝੀ ਸਟੇਜ ਤੋ ਦਾਸ (ਸਿਮਰਨਜੀਤ ਸਿੰਘ ਮਾਨ) ਨੂੰ ਉਸ ਸਮੇ ਦੇ ਵਜ਼ੀਰ ਏ ਆਜ਼ਿਮ ਸ੍ਰੀ ਚੰਦਰਸੇਖਰ ਨਾਲ "ਖਾਲਿਸਤਾਨ" ਦੇ ਮੁੱਦੇ 'ਤੇ ਦਿੱਲੀ ਜਾ ਕੇ ਗੱਲ ਕਰਨ ਦਾ ਅਧਿਕਾਰ ਦਿੱਤਾ। ਜਿਸ ਉੱਤੇ ਮੈ ਪਹਿਰਾ ਦਿੰਦੇ ਹੋਏ ਕਾਨਫਰੰਸ ਦੀ ਸਮਾਪਤੀ ਤੋਂ ਫੋਰਨ ਬਾਅਦ ਸਮੁੱਚੀ ਸਿੱਖ ਲੀਡਰਸ਼ਿਪ ਦੀ ਭਾਵਨਾ ਅਨੁਸਾਰ "ਸੰਪੂਰਨ ਬਾਦਸ਼ਾਹੀ ਆਜ਼ਾਦ ਸਿੱਖ ਰਾਜ (Independent Soveriegn Sikh State)" ਨੂੰ ਜਮਹੂਰੀਅਤ ਅਤੇ ਅਮਨਮਈ ਤਰੀਕੇ ਕਾਇਮ ਕਰਨ ਦਾ ਯਾਦ ਪੱਤਰ ਤਿਆਰ ਕਰਕੇ ਮਿਤੀ 28 ਦਸੰਬਰ 1990 ਦਿੱਲੀ ਵਿਖੇ ਜਾ ਕੇ ਸ੍ਰੀ ਚੰਦਰਸੇਖਰ ਵਜ਼ੀਰ ਏ ਆਜ਼ਿਮ ਹਿੰਦ ਨੂੰ ਸਿੱਖ ਕੌਮ ਵਲੋਂ ਇਹ ਯਾਦ ਪੱਤਰ ਭੇਟ ਕੀਤਾ। ਜੋ ਕਿ ਹਿੰਦ ਹਕੂਮਤ ਅਤੇ ਸਿੱਖ ਕੌਮ ਦੇ ਰਿਕਾਰਡ ਵਿੱਚ ਅੱਜ ਵੀ ਲਿਖਤ ਮੌਜੂਦ ਹੈ। ਇਸ ਉਪਰੰਤ 22 ਦਸੰਬਰ 1992 ਵਿੱਚ ਸਮੂਹ ਮੁਲਕਾਂ ਦੀ ਸਾਂਝੀ ਜਥੇਬੰਦੀ ਯੂ. ਐਨ. ਓ. ਦੇ ਉਸ ਸਮੇ ਦੇ ਸਕੱਤਰ ਜਨਰਲ ਸ੍ਰੀ ਬੁਤਰੋਸ ਬੁਤਰੋਸ ਘਾਲੀ ਨੂੰ ਦਿੱਲੀ ਪਹੁੰਚਣ ਉੱਤੇ ਜੋ ਸਮੁੱਚੀ ਲੀਡਰਸ਼ਿਪ ਵੱਲੋ ਦਸਤਖਤ ਕਰਕੇ ਯਾਦ ਪੱਤਰ ਦਿੱਤਾ ਗਿਆ ਸੀ, ਉਸ ਉੱਤੇ ਸ: ਪ੍ਰਕਾਸ਼ ਸਿੰਘ ਬਾਦਲ, ਜਥੇਦਾਰ ਗੁਰਚਰਨ ਸਿੰਘ ਟੋਹੜਾ, ਜਗਦੇਵ ਸਿੰਘ ਤਲਵੰਡੀ, ਸ: ਨੋਰੰਗ ਸਿੰਘ ਬੱਬਰ ਖਾਲਸਾ ਆਦਿ ਆਗੂਆਂ ਦੇ ਦਸਤਖਤ ਸਨ। ਨਿਮਨ ਦਿੱਤੇ ਜਾ ਰਹੇ ਫੋਟੋਗ੍ਰਾਫ ਉਪਰੋਕਤ ਆਗੂਆਂ ਦੇ ਯਾਦ ਪੱਤਰ ਉੱਤੇ ਕੀਤੇ ਗਏ ਦਸਤਖਤਾਂ ਨੂੰ ਸਪੱਸ਼ਟ ਕਰਦੇ ਹਨ।

ਇੱਥੇ ਯਾਦ ਦਿਵਾਉਣਾ ਜ਼ਰੂਰੀ ਹੈ ਕਿ ਇਸ ਯਾਦ ਪੱਤਰ ਵਿੱਚ ਸਪੱਸ਼ਟ ਤੌਰ ਤੇ ਸਿੱਖ ਕੌਮ ਲਈ ਆਪਣੇ ਸਿੱਖ ਰਾਜ "ਖਾਲਿਸਤਾਨ" ਨੂੰ ਕਾਇਮ ਕਰਨ ਦੀ ਮੰਗ ਕੀਤੀ ਗਈ ਸੀ। ਇਸ ਲਿਖਤ 'ਤੇ ਦਸਤਖਤ ਕਰਨ ਵਾਲਿਆਂ ਨੂੰ ਹਿੰਦ ਹਕੂਮਤ ਨੇ ਤਿਹਾੜ ਜ਼ੇਲ੍ਹ ਦਿੱਲੀ ਵਿੱਚ ਬੰਦੀ ਬਣਾ ਦਿੱਤਾ ਸੀ (ਜ਼ੇਲ੍ਹ ਦ ਰਿਕਾਰਡ ਵੀ ਇਸ ਗੱਲ ਦੀ ਗਵਾਹੀ ਭਰਦਾ ਹੈ) ਇਸ ਉਪਰੰਤ 1 ਮਈ 1994 ਨੂੰ ਉਸ ਸਮੇ ਦੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਪ੍ਰੋ: ਮਨਜੀਤ ਸਿੰਘ ਵੱਲੋ ਸ੍ਰੀ ਅਕਾਲ ਤਖਤ ਸਾਹਿਬ ਉੱਤੇ ਸਮੁੱਚੀਆਂ ਪੰਥਕ ਧਿਰਾਂ ਦੀ ਪ੍ਰਵਾਨਗੀ ਨਾਲ ਤਿਆਰ ਕੀਤੀ ਗਈ ਸ਼ਬਦਾਵਲੀ ਤਹਿਤ "ਖਾਲਿਸਤਾਨ" ਦੀ ਪ੍ਰਾਪਤੀ ਲਈ ਪ੍ਰਣ ਪੱਤਰ ਉੱਤੇ ਸਹੁੰ ਚੁੱਕਣ ਵਾਲਿਆਂ ਵਿੱਚ ਸਭ ਤੋਂ ਪਹਿਲੇ ਕੈਪਟਨ ਅਮਰਿੰਦਰ ਸਿੰਘ, ਸ: ਸੁਰਜੀਤ ਸਿੰਘ ਬਰਨਾਲਾ, ਗੁਰਚਰਨ ਸਿੰਘ ਟੋਹੜਾ, ਜਗਦੇਵ ਸਿੰਘ ਤਲਵੰਡੀ, ਭਾਈ ਮਨਜੀਤ ਸਿੰਘ, ਦਾਸ (ਸਿਮਰਨਜੀਤ ਸਿੰਘ ਮਾਨ) ਅਤੇ ਅਖੀਰ ਵਿੱਚ ਕਰਨਲ ਜਸਮੇਰ ਸਿੰਘ ਬਾਲਾ ਬੱਬਰ ਖਾਲਸਾ ਦੇ ਨਾਮ ਸਨ। ਨਿਮਨ ਦਿੱਤੀ ਜਾ ਰਹੀ ਫੋਟੋਗ੍ਰਾਫ ਸੱਚਾਈ ਨੂੰ ਖੁਦ ਪ੍ਰਤੱਖ ਕਰਦੀ ਹੈ :-




ਇਸ ਖਾਲਿਸਤਾਨ ਦੀ ਪ੍ਰਾਪਤੀ ਲਈ ਕੀਤੇ ਗਏ ਪ੍ਰਣ ਅਤੇ ਸਹੁੰ ਉੱਤੇ ਦਾਸ ਅਤੇ ਸ੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਜਥੇਬੰਦੀ ਅੱਜ ਵੀ ਕਾਇਮ ਹੈ ਅਤੇ ਅਖੰਡ ਕੀਰਤਨੀ ਜਥਾ ਵੀ ਸਾਨੂੰ ਪੂਰਾ ਸਹਿਯੋਗ ਦੇ ਰਿਹਾ ਹੈ। ਪਰ ਦੁੱਖ ਅਤੇ ਅਫਸੋਸ ਹੈ ਕਿ ਉਪਰੋਕਤ ਆਗੂ ਸਿੱਖ ਕੌਮ ਦਾ ਆਪਣਾ ਘਰ (ਖਾਲਿਸਤਾਨ) ਬਣਾਉਣ ਤੋਂ ਭੱਜ ਚੁੱਕੇ ਹਨ। ਲੇਕਿਨ ਮੈ ਅੱਜ ਸ਼ਹੀਦ ਬਾਬਾ ਜ਼ੋਰਾਵਰ ਸਿੰਘ ਤੇ ਸ਼ਹੀਦ ਬਾਬਾ ਫਤਿਹ ਸਿੰਘ ਜੀ ਦੀ ਮਹਾਨ ਸ਼ਹਾਦਤ ਨੂੰ ਨਮਸਤਕ ਹੁੰਦਾ ਹੋਇਆ ਆਪ ਜੀ ਨਾਲ ਵਚਨ ਕਰਦਾ ਹਾਂ ਕਿ ਸ੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਜਥੇਬੰਦੀ ਅਤੇ ਦਾਸ, ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਕਥਨ ਕਿ "ਜਿਸ ਦਿਨ ਸ੍ਰੀ ਦਰਬਾਰ ਸਾਹਿਬ ਉੱਤੇ ਹਿੰਦ ਫੌਜਾਂ ਧਾਵਾ ਬੋਲਣਗੀਆਂ, ਉਸ ਦਿਨ "ਖਾਲਿਸਤਾਨ" ਦੀ ਨੀਂਹ ਰੱਖੀ ਜਾਵੇਗੀ" ਉੱਤੇ ਦ੍ਰਿੜਤਾ ਨਾਲ ਪਹਿਰਾ ਦਿੰਦੇ ਆ ਰਹੇ ਹਾਂ। ਗੁਰੂ ਸਾਹਿਬਾਨ ਦੀ ਬਖਸ਼ਿਸ ਦੁਆਰਾ ਆਪਣੇ ਆਖਰੀ ਸੁਆਸਾਂ ਤੱਕ ਸਿੱਖ ਕੌਮ ਦੀ ਆਜ਼ਾਦੀ ਨਾਲ ਸੰਬੰਧਿਤ ਉਸਾਰੇ ਜਾ ਰਹੇ ਖਾਲਿਸਤਾਨ ਦੇ ਮਹਿਲ ਦੀ ਇਮਾਰਤ ਦੀ ਉਸਾਰੀ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਾਂਗੇ ਤੇ ਨਿਸ਼ਾਨੇ ਦੀ ਪ੍ਰਾਪਤੀ ਕਰਕੇ ਰਹਾਂਗੇ। ਮੇਰੇ ਪਿਤਾ ਸ: ਜੋਗਿੰਦਰ ਸਿੰਘ ਮਾਨ ਜੋ 1936 ਵਿੱਚ ਪੰਜਾਬ ਅਸੈਬਲੀ ਦੇ ਪਹਿਲੀ ਵਾਰ ਮੈਬਰ ਬਣੇ ਅਤੇ ਫਿਰ 1945 ਵਿੱਚ ਫਿਰ ਮੈਬਰ ਬਣੇ ਜੋ ਕਿ ਮਾਸਟਰ ਤਾਰਾ ਸਿੰਘ ਦੇ ਅਤਿ ਨਜ਼ਦੀਕੀ ਰਹੇ, ਨੇ ਮਾਸਟਰ ਤਾਰਾ ਸਿੰਘ ਨੂੰ ਖਬਰਦਾਰ ਕੀਤਾ ਸੀ ਕਿ ਹਿੰਦੂ ਕੌਮ ਉੱਤੇ ਭਰੋਸਾ ਕਰਕੇ ਕੋਈ ਅਜਿਹਾ ਫੈਸਲਾ ਨਾ ਕਰ ਦੇਣਾ ਜਿਸ ਨਾਲ ਸਾਡਾ ਆਪਣਾ ਕੌਮੀ ਘਰ ਬਣਨ ਵਿੱਚ ਰੁਕਾਵਟ ਪੈ ਜਾਵੇ। ਪਰ ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ਜੋਗਿੰਦਰ ਸਿੰਘ ਕਿ ਪਹਿਲਾ ਅਸੀਂ ਇੱਥੋ ਅੰਗਰੇਜ਼ਾਂ ਨੂੰ ਕੱਢ ਲਈਏ, ਕਿਉਂਕਿ ਹਿੰਦੂ ਸਾਡੇ ਵੱਡੇ ਭਰਾ ਹਨ ਫਿਰ ਅਸੀਂ ਹਿੰਦੂਆਂ ਤੋ ਆਪਣਾ ਬਣਦਾ ਹਿੱਸਾ ਲੈ ਲਵਾਂਗੇ। ਸ: ਜੋਗਿੰਦਰ ਸਿੰਘ ਮਾਨ ਨੂੰ ਮਾਸਟਰ ਜੀ ਦਾ ਇਹ ਜਵਾਬ ਬਿਲਕੁਲ ਗਲੇ ਤੋਂ ਥੱਲੇ ਨਹੀਂ ਉਤਰਿਆ ਕਿਉਂਕਿ ਉਨ੍ਹਾ ਨੂੰ ਪਤਾ ਸੀ ਕਿ ਮਾਸਟਰ ਜੀ ਸ: ਬਲਦੇਵ ਸਿੰਘ ਦੁੰਮਣਾ ਦੇ ਹੱਥਾ ਵਿੱਚ ਖੇਡ ਰਹੇ ਹਨ। ਸ: ਜੋਗਿੰਦਰ ਸਿੰਘ ਮਾਨ ਨੇ ਮਾਸਟਰ ਜੀ ਨੂੰ ਕਿਹਾ ਸੀ ਕਿ ਜਦੋਂ ਪਿਓ ਚੜਾਈ ਕਰ ਜਾਵੇ ਫਿਰ ਵੱਡਾ ਭਰਾ ਛੋਟੇ ਭਰਾ ਦੇ ਹੱਕ-ਹਕੂਕਾ ਨੂੰ ਨਹੀਂ ਦਿੰਦੇ, ਇਹ ਵਰਤਾਰਾ ਆਮ ਹੈ। ਇੱਥੇ ਇਹ ਵਰਣਨ ਕਰਨਾ ਜ਼ਰੂਰੀ ਹੈ ਕਿ ਸ: ਜੋਗਿੰਦਰ ਸਿੰਘ ਮਾਨ, ਮਾਸਟਰ ਤਾਰਾ ਸਿੰਘ ਜੀ ਨਾਲ ਵਿਚਾਰਾਂ ਦਾ ਵਖਰੇਵਾਂ ਰੱਖਦੇ ਹੋਏ

ਵੀ ਹਮੇਸ਼ਾਂ ਉਨ੍ਹਾ ਨਾਲ ਰਹੇ। ਅਜੋਕੀ ਸਿੱਖ ਸਿਆਸਤ ਵਿੱਚ ਨਿੱਜੀ, ਮਾਲੀ ਅਤੇ ਪਰਿਵਾਰਿਕ ਹਿੱਤ ਭਾਰੂ ਹੋ ਚੁੱਕੇ ਹਨ। ਜਦੋਂ ਕੋਈ ਸਿੱਖ ਕਿਸੇ ਉੱਚ ਅਹੁਦੇ ਤੇ ਬੈਠ ਜਾਵੇ, ਫਿਰ ਉਹ ਆਪਣੇ ਘਰ ਅਤੇ ਪਰਿਵਾਰ ਲਈ ਹੀ ਸੋਚਦਾ ਹੈ, ਕੌਮੀ ਸੋਚ ਦਾ ਫਿਕਰ ਬਿਲਕੁਲ ਨਹੀਂ ਕਰਦਾ। ਜੋ ਕਿ ਅੱਜ ਸਿੱਖ ਕੌਮ ਦੀ ਵੱਡੀ ਤਰਾਸਦੀ ਹੈ। ਹੁਣ ਸਾਨੂੰ ਕੌਮ ਦੇ ਮਨੋਵਿਗਿਆਨੀ (Psychiatrist) ਇਹ ਜਾਣਕਾਰੀ ਦੇਣ ਦੀ ਤਕਲੀਫ ਕਰਨ ਕਿ ਸ: ਪ੍ਰਕਾਸ਼ ਸਿੰਘ ਬਾਦਲ ਤਿੰਨ ਵਾਰੀ ਮੁੱਖ ਮੰਤਰੀ ਬਣ ਚੁੱਕੇ ਹਨ, ਕੈਪਟਨ ਅਮਰਿੰਦਰ ਸਿੰਘ ਪੰਜਾਬ ਦੇ ਮੁੱਖ ਮੰਤਰੀ ਰਹਿ ਚੁੱਕੇ ਹਨ, ਸ: ਸੁਰਜੀਤ ਸਿੰਘ ਬਰਨਾਲਾ ਵੀ ਪੰਜਾਬ ਦੇ ਮੁੱਖ ਮੰਤਰੀ ਰਹਿ ਚੁੱਕੇ ਹਨ ਤੇ ਹੁਣ ਤਾਮਿਲਨਾਡੂ ਦੇ ਅਜੋਕੇ ਗਵਰਨਰ ਹਨ ਅਤੇ ਜਿਹਨਾਂ ਸਾਰਿਆਂ ਨੇ ਬਚਨ ਕੀਤੇ ਸੀ। ਇਹ ਸਿੱਖ ਆਗੂ ਸਿੱਖ ਕੌਮ ਨਾਲ ਕੀਤੇ ਗਏ ਆਪਣੇ ਵਾਅਦਿਆਂ ਅਤੇ ਇਕਰਾਰਾਂ ਉੱਤੇ ਕਾਇਮ ਕਿਉਂ ਨਹੀਂ ਰਹਿੰਦੇ? ਸ: ਬਲਦੇਵ ਸਿੰਘ ਦੁੰਮਣਾ ਨੇ ਸਿੱਖ ਕੌਮ ਨਾਲ ਧੋਖਾ ਕਿਉਂ ਕੀਤਾ? ਇਹ ਆਗੂ ਹਰ ਵਾਰ ਆਪਣੇ ਬਚਨਾਂ ਤੋਂ ਮੁੱਨਕਰ ਕਿਉਂ ਹੋ ਜਾਂਦੇ ਹਨ?











ਲੁਧਿਆਣਾ 'ਚ ਕੱਢੀ ਗਈ ਭਗਵਾਨ ਜਗਨਨਾਥ ਰੱਥ ਯਾਤਰਾ ਦੇ ਰੱਥ ਅੱਗੇ ਝਾੜੂ ਲਗਾਉਂਦੇ ਸ੍ਰੀ ਅਵਿਨਾਸ਼ ਚੋਪੜਾ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਨਾਲ ਹਨ ਮਦਨ ਲਾਲ ਬੱਗਾ, [illegible], ਸਤੀਸ਼ ਗੁਪਤਾ, ਅਮਿਤ ਧਵਨ, ਮਨਜੀਤ ਬਜਾਜ, ਪ੍ਰਵੀਨ ਅਗਰਵਾਲ ਤੇ ਹੋਰ।





ਨਵੀਂ ਦਿੱਲੀ ਵਿਖੇ ਪੰਜਾਬ ਦੇ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਡਾ. ਮਨਮੋਹਨ ਸਿੰਘ ਨੂੰ ਦੂਸਰੀ ਵਾਰ ਪ੍ਰਧਾਨ ਮੰਤਰੀ ਬਣਨ 'ਤੇ ਵਧਾਈ ਦੇਣ ਸਮੇਂ ਗੁਲਦਸਤਾ ਭੇਟ ਕਰਦੇ ਹੋਏ। ਉਨ੍ਹਾਂ ਦੇ ਨਾਲ ਪੰਜਾਬ ਦੇ ਉਪ ਮੁੱਖ ਮੰਤਰੀ ਸ: ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੀ ਧਰਮਪਤਨੀ ਸੰਸਦ ਬੀਬੀ ਹਰਸਿਮਰਤ ਕੌਰ ਬਾਦਲ ਨਜ਼ਰ ਆ ਰਹੇ ਹਨ।



ਸ੍ਰੀ ਐਲ ਕੇ ਅਡਵਾਨੀ ਜਿਸਨੇ ਆਪਣੇ ਵੱਲੋਂ ਲਿਖੀ ਕਿਤਾਬ ਵਿੱਚ ਪ੍ਰਵਾਨ ਕੀਤਾ ਹੈ ਕਿ ਬਲਿਊ ਸਟਾਰ ਦੀ ਫੌਜੀ ਕਾਰਵਾਈ ਮੈਂ ਕਰਵਾਈ ਹੈ ਅਤੇ
ਜੋ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਵਰਗੀ ਸਖਸੀਅਤ ਨੂੰ ਦੈਤ (ਭਸਮਾਸੁਰ) ਕਹਿ ਕੇ ਤੌਹੀਨ ਕਰਦਾ ਹੈ, ਉਸਨੂੰ ਸ: ਪ੍ਰਕਾਸ਼ ਸਿੰਘ
ਬਾਦਲ ਅਤੇ ਬਾਦਲ ਪਰਿਵਾਰ ਵੱਲੋਂ ਗੁਲਦਸਤੇ ਭੇਟ ਕਰਨੇ, ਲੁਧਿਆਣਾ ਵਿਖੇ (19/12/2009 ਨੂੰ) ਜਗਨਨਾਥਪੁਰੀ ਆਏ ਰਥ ਯਾਤਰਾ ਅੱਗੇ
ਝਾੜੂ ਫੇਰਨ ਦੀ ਕਾਰਵਾਈ, ਸਿਰਸੇ ਵਾਲੇ ਬਲਾਤਕਾਰੀ ਤੇ ਕਾਤਿਲ ਸਾਧ ਨੂੰ ਅਤੇ ਆਸੂਤੋਸੀਏ ਨੂੰ ਮੱਥੇ ਟੇਕਣੇ ਆਪਣੇ ਬਾਦਲ ਗ੍ਰਹਿ ਵਿਖੇ ਹਿੰਦੂਆਂ
ਦਾ ਲਾਲ ਝੰਡਾ ਲਹਿਰਾਉਣਾ, ਕਾਤਿਲ ਕਾਂਗਰਸ ਜਮਾਤ ਦੇ ਵਜ਼ੀਰ ਏ ਆਜ਼ਿਮ ਨੂੰ ਗੁਲਦਸਤੇ ਭੇਟ ਕਰਨ, ਸਿੱਖੀ ਦੀ ਸ਼ਾਨ ਦਸਤਾਰ ਉੱਤੇ ਹਿੰਦੂ
ਰੀਤੀ ਰਿਵਾਜ ਅਨੁਸਾਰ ਮੁਕਟ ਪਹਿਨ ਕੇ ਜਗਰਾਤਿਆਂ ਵਿੱਚ ਹਾਜ਼ਰੀ ਲਵਾਉਣ ਵਾਲੇ ਸ: ਪ੍ਰਕਾਸ਼ ਸਿੰਘ ਬਾਦਲ ਤੇ ਬਾਦਲ ਪਰਿਵਾਰ ਨੂੰ ਕੀ ਸਿੱਖ
ਕਹਿ ਕੇ ਪੁਕਾਰਨਾ ਕੀ ਸਿੱਖੀ ਤੌਹੀਨ ਨਹੀਂ? ਉਪਰੋਕਤ ਫੋਟੋਆਂ ਇਨ੍ਹਾ ਪਾਖੰਡੀ ਸਿੱਖਾਂ ਦੇ ਅਸਲ ਚਿਹਰੇ ਨੂੰ ਸਪੱਸ਼ਟ ਕਰਦੀਆਂ ਹਨ।

ਅਖੀਰ ਵਿੱਚ ਦੋਚਿੱਤੀ ਵਿੱਚ ਵਿਚਰਣ ਵਾਲੇ ਸਿੱਖਾਂ ਨੂੰ ਵੀ ਅਪੀਲ ਕੀਤੀ ਜਾਂਦੀ ਹੈ ਕਿ ਸਿੱਖ ਗੁਰੂ ਸਾਹਿਬਾਨ, ਸਾਹਿਬਜਾਦਿਆਂ, ਸ਼ਹੀਦ ਸਿੰਘ ਸਿੰਘਣੀਆਂ, ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆ ਅਤੇ ਅਜੋਕੇ ਸਮੇ ਦੇ ਸ਼ਹੀਦਾਂ ਦਾ ਸਿੱਖ ਕੌਮ ਉੱਤੇ ਬਹੁਤ ਵੱਡਾ ਕਰਜ਼ਾ ਵੀ ਹੈ ਅਤੇ ਅਹਿਸਾਨ ਵੀ ਹੈ ਕਿ ਉਨ੍ਹਾ ਨੇ ਗੁਰੂ ਸਾਹਿਬਾਨ ਦੀ ਵੱਡਮੁੱਲੀ ਮੀਰੀ-ਪੀਰੀ ਦੀ ਸਿੱਖ ਸੋਚ ਤੇ ਅਧਾਰਿਤ ਸਿੱਖ ਬਾਦਸ਼ਾਹੀ ਕਾਇਮ ਕਰਨ ਲਈ ਮਹਾਨ ਕੁਰਬਾਨੀਆਂ ਕੀਤੀਆਂ ਹਨ। ਪਰ ਅਸੀ ਧਨ-ਦੌਲਤਾਂ, ਜਾਇਦਾਦਾਂ ਅਤੇ ਉੱਚ ਰੁਤਬਿਆਂ ਦੀਆਂ ਦੁਨਿਆਵੀ, ਪਦਾਰਥਵਾਦੀ ਲਾਲਸਾਵਾਂ ਅਧੀਨ ਹੋ ਕੇ ਆਪਣੇ ਕੌਮੀ ਫਰਜਾਂ ਤੋ ਅਵੇਸਲੇ ਹੋਏ ਪਏ ਹਾਂ। ਇਸ ਲਈ ਸਾਡੀਆਂ ਆਤਮਾਵਾਂ ਇਸ ਫਾਨੀ ਦੁਨੀਆ ਤੋ ਕੂਚ ਕਰਦੇ ਸਮੇ ਕਦੀ ਵੀ ਸ਼ਾਂਤ ਹੋ ਕੇ ਨਹੀਂ ਜਾ ਸਕਣਗੀਆਂ। ਜੇਕਰ ਭਾਜਪਾ, ਕਾਂਗਰਸ, ਜਨਤਾ ਪਾਰਟੀ, ਸਮਾਜਵਾਦੀ ਪਾਰਟੀ, ਕਮਿਊਨਿਸਟ ਅਤੇ ਹੋਰ ਪਾਰਟੀਆਂ ਨਾਲ ਜੁੜ ਕੇ ਵੀ ਇੱਥੋ ਦੇ ਹਿੰਦੂ ਭਾਰਤ ਦੀ ਜੈ ਕਰਦੇ ਹਨ, ਜੇ ਮੁਸਲਿਮ ਕੌਮ ਉਪਰੋਕਤ ਸਿਆਸੀ ਜਮਾਤਾਂ ਨਾਲ ਜੁੜ ਕੇ ਵੀ ਇਸਲਾਮ ਦੀ ਜੈ ਕਰਦੀ ਹੈ ਤਾਂ ਸਿੱਖ ਕੌਮ ਇਹਨਾਂ ਜਮਾਤਾਂ ਨਾਲ ਜੁੜੇ ਹੋਏ ਵੀ ਸਿੱਖ ਕੌਮ ਦੇ ਮਿੱਥੇ ਨਿਸ਼ਾਨੇ "ਖਾਲਿਸਤਾਨ" ਨੂੰ ਪ੍ਰਾਪਤ ਕਰਨ ਲਈ ਸੁਹਿਰਦਤਾ ਭਰੇ ਅਮਲ ਕਿਉਂ ਨਹੀਂ ਕਰਦੀ ਅਤੇ ਚੜ੍ਹਦੀ ਕਲਾ ਕਰਨ ਦੀ ਭਾਵਨਾ ਨੂੰ ਅਮਲੀ ਰੂਪ ਕਿਉਂ ਨਹੀਂ ਦੇ ਸਕਦੀ? ਇੱਥੇ ਇਹ ਵੀ ਵਰਣਨ ਕਰਨਾ ਜ਼ਰੂਰੀ ਹੈ ਕਿ ਅਸੀਂ ਇਸ ਹਿੰਦੂਤਵ ਮੁਲਕ ਦੀ ਸੁਪਰੀਮ ਕੋਰਟ, ਹਾਈ ਕੋਰਟ ਅਤੇ ਬੀ ਜੇ ਪੀ-ਆਰ ਐਸ ਐਸ ਦੀ ਹੱਥਠੋਕੀ ਬਣੀ ਬਾਦਲ ਹਕੂਮਤ ਤੋ "ਖਾਲਿਸਤਾਨ ਜ਼ਿੰਦਾਬਾਦ" ਕਹਿਣ, ਖਾਲਿਸਤਾਨ ਦਾ ਜਮਹੂਰੀਅਤ ਅਤੇ ਅਮਨਮਈ ਤਰੀਕੇ ਪ੍ਰਚਾਰ ਕਰਨ, ਇਸ ਮੁਲਕ ਅਤੇ ਬਾਹਰਲੇ ਮੁਲਕਾਂ ਵਿੱਚ ਖਾਲਿਸਤਾਨ ਦੇ ਮੈਂਬਰ ਬਣਾਉਣ ਅਤੇ ਇਹਨਾਂ ਲੀਹਾਂ ਉੱਤੇ ਚੱਲ ਕੇ ਹੀ ਖਾਲਿਸਤਾਨ ਨੂੰ ਕਾਇਮ ਕਰਨ ਦਾ ਵਿਧਾਨਿਕ ਅਤੇ ਕਾਨੂੰਨੀ ਅਧਿਕਾਰ ਪ੍ਰਾਪਤ ਕਰਨ ਦੀ ਲੜਾਈ ਕੌਮਾਂਤਰੀ ਪੱਧਰ ਉੱਤੇ ਜਿੱਤ ਚੁੱਕੇ ਹਾਂ। ਹੁਣ ਕਿਸੇ ਵੀ ਇਨਸਾਨ, ਕੌਮ, ਧਰਮ, ਫਿਰਕੇ ਜਾਂ ਨਸਲ ਨੂੰ ਹੁਣ "ਖਾਲਿਸਤਾਨ" ਦੇ ਪਾਕਿ-ਪਵਿੱਤਰ ਸ਼ਬਦ ਤੋ ਕਿਸੇ ਤਰ੍ਹਾ ਦਾ ਡਰ-ਭੈ ਰੱਖਣ ਜਾਂ ਕਿਸੇ ਤਰ੍ਹਾ ਦੇ ਕਾਨੂੰਨੀ ਸ਼ਿਕੰਜੇ ਵਿੱਚ ਫੱਸਣ ਦਾ ਤੌਖਲਾ ਆਪਣੇ ਮਨ ਵਿੱਚ ਨਹੀਂ ਰੱਖਣਾ ਚਾਹੀਦਾ। ਬਲਕਿ "ਸਰਬੱਤ ਦੇ ਭਲੇ" ਦੇ ਮਿਸ਼ਨ ਅਧੀਨ "ਬੇਗਮਪੁਰਾ, ਹਲੇਮੀ ਰਾਜ ਜਾਂ ਖਾਲਿਸਤਾਨ" ਨੂੰ ਕਾਇਮ ਕਰਨ ਵਿੱਚ ਆਪੋ ਆਪਣੇ ਕੌਮੀ ਫਰਜ਼ਾਂ ਦੀ ਪੂਰਤੀ ਅਮਨਪਸੰਦ ਅਤੇ ਜਮਹੂਰੀਅਤ ਢਾਂਚੇ ਵਿੱਚ ਰਹਿੰਦੇ ਹੋਏ ਤਨੋ, ਮਨੋ ਅਤੇ ਧਨੋ ਸਹਿਯੋਗ ਕਰਨਾ ਚਾਹੀਦਾ ਹੈ ਕਿਉਂਕਿ ਅਜੋਕੇ ਸਮੇਂ ਵਿੱਚ ਬੇਗਮਪੁਰਾ ਅਤੇ ਹਲੇਮੀ ਰਾਜ ਨੂੰ ਹੀ ਕੌਮਾਂਤਰੀ ਪੱਧਰ ਉੱਤੇ ਸਿੱਖ ਕੌਮ ਨੇ "ਖਾਲਿਸਤਾਨ" ਦੇ ਨਾਮ 'ਤੇ ਤਬਦੀਲ ਕਰ ਦਿੱਤਾ ਹੈ ਤਾਂ ਕਿ ਸਿੱਖ ਕੌਮ ਵੀ ਆਪਣੇ ਘਰ ਬਣਾਉਣ ਦੀ ਇੱਛਾ ਪੂਰਤੀ ਕਰ ਸਕੇ ਅਤੇ ਦੂਸਰੀਆਂ ਕੌਮਾਂ ਦੀ ਤਰ੍ਹਾ ਕੌਮਾਂਤਰੀ ਪੱਧਰ ਉੱਤੇ ਸਿੱਖੀ ਆਨ-ਸ਼ਾਨ ਨੂੰ ਕਾਇਮ ਰੱਖਦੀ ਹੋਈ ਵਿਚਰ ਸਕੇ ਅਤੇ ਸਮੁੱਚੀ ਮਨੁੱਖਤਾ ਦੀ ਬਹਿਤਰੀ ਕਰਨ ਵਿੱਚ ਆਪਣਾ ਯੋਗਦਾਨ ਪਾ ਸਕੇ। **"Nations have interests not friends". – Lord Palmerston.** ("ਕੌਮਾਂ ਦੇ ਆਪਣੇ ਮੁਫਾਦ ਹੁੰਦੇ ਹਨ, ਦੋਸਤ ਨਹੀ" – ਲਾਰਡ ਪਾਲਮਸਟੋਨ)

# ਖਾਲਿਸਤਾਨ ਜ਼ਿੰਦਾਬਾਦ!

# ਵਾਹਿਗੁਰੂ ਜੀ ਕਾ ਖਾਲਸਾ।
# ਵਾਹਿਗੁਰੂ ਜੀ ਕੀ ਫਤਿਹ॥

**ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ 'ਤੇ ਮਿਤੀ 25 ਦਸੰਬਰ 2009 ਫਤਿਹਗੜ੍ਹ ਸਾਹਿਬ ਦੀ ਸ਼ਹੀਦੀ ਕਾਨਫਰੰਸ ਵਿਖੇ ਜਾਰੀ ਕੀਤਾ।**

ਜਾਰੀ ਕਰਤਾ :- ਭਾਈ ਇਕਬਾਲ ਸਿੰਘ ਟਿਵਾਣਾ ਸਿਆਸੀ ਤੇ ਮੀਡੀਆ ਸਲਾਹਕਾਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)
ਈਮੇਲ : iqbalsinghtiwana@ymail.com, ਮੋਬਾ : 098783 44432
ਦਫਤਰ : sad_amritsar@yahoo.co.in, ਫੋਨ ਨੰ: 01763 233764
ਵੈੱਬ ਸਾਈਟ : www. akalidalamritsar.net & www.akalidalamritsar.org